# ਪਾਣੀਆਂ ਤੇ ਧਰਤੀਆਂ ਦਾ ਦੇਸ਼

ਮਲੇਸ਼ੀਅਨ ਏਅਰ ਲਾਈਨਜ਼ ਦੇ ਭਾਰੀ-ਭਰਕਮ ਜਹਾਜ਼ ਨੇ ਜਦ ਰਾਤ ਦੇ ਦਸ ਵਜੇ ਸਿਡਨੀ ਦੇ ਏਅਰਪੋਰਟ 'ਤੇ ਪਹੀਏ ਰੱਖੇ ਤਾਂ ਚਾਅ ਵਿੱਚ ਆਏ ਮੁਸਾਫ਼ਰਾਂ ਨੇ ਜ਼ੋਰਦਾਰ ਤਾੜੀਆਂ ਮਾਰੀਆਂ। ਏਅਰਪੋਰਟ ਤੋਂ ਬਾਹਰ ਆਇਆ ਤਾਂ ਠੰਢ ਵਾਹਵਾ ਸੀ। ਬਾਹਰ ਖੇਲਾ ਪਰਿਵਾਰ ਉਡੀਕ ਰਿਹਾ ਸੀ। ਸਾਰੇ ਉੱਡ-ਉੱਡ ਮਿਲੇ। ਸਿਡਨੀ ਮੈਂ 22 ਦਿਨ ਰੁਕਣਾ ਸੀ। ਅਮਰਜੀਤ ਖੇਲਾ ਨੇ ਆਪਣੇ ਟੀ.ਵੀ. ਪ੍ਰੋਗਰਾਮ 'ਆਪਣਾ ਪੰਜਾਬ' ਲਈ ਮੇਰੀਆਂ ਕੁਝ ਰਿਕਾਰਡਿੰਗਾਂ ਕਰਨੀਆਂ ਸਨ। ਇਕ ਕਿਤਾਬ ਰਿਲੀਜ਼ ਹੋਣੀ ਸੀ। ਸਿਡਨੀ ਵਿੱਚ ਹੋਣ ਵਾਲੇ ਆਪਣੇ ਕੁਝ ਪ੍ਰੋਗਰਾਮਾਂ ਵਿੱਚ ਜਾਣਾ ਸੀ ਤੇ ਇੱਥੋਂ ਹੀ ਮੈਲਬੋਰਨ ਨੂੰ ਚਲੇ ਜਾਣਾ ਸੀ।



ਆਸਟ੍ਰੇਲੀਆ ਵਿੱਚ ਮੈਨੂੰ ਤਿੰਨ ਮਹੀਨੇ ਰਹਿਣ ਦਾ ਮੌਕਾ ਮਿਲਿਆ। ਮੇਰੇ ਪਾਸ ਯਾਤਰੀ ਵੀਜ਼ਾ ਸੀ। ਇਸ ਸਮੇਂ ਦੌਰਾਨ ਮੈਂ ਆਸਟ੍ਰੇਲੀਆ ਦੇ ਪਾਣੀਆਂ ਤੇ ਪਰਬਤਾਂ ਦੀ ਖ਼ੂਬ ਸੈਰ ਮਾਣੀ। ਜੇਕਰ ਆਸਟ੍ਰੇਲੀਆ ਨੂੰ ਪਾਣੀਆਂ ਤੇ ਧਰਤੀਆਂ ਦੀ ਧਰਤੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ। ਆਸਟ੍ਰੇਲੀਆ ਦੀ ਧਰਤੀ 'ਤੇ ਘੁੰਮਦਿਆਂ-ਫਿਰਦਿਆਂ ਸਫ਼ਰ ਦੀਆਂ ਕੁਝ ਯਾਦਾਂ ਮਨ ਦੇ ਚਿਤਰਪਟ 'ਤੇ ਸਦੀਵੀ ਲੀਕ ਛੱਡ ਗਈਆਂ। ਕਦੇ-ਕਦੇ ਮੈਨੂੰ ਲੱਗਣ ਲੱਗਦਾ ਸੀ ਕਿ ਮੈਂ ਆਸਟ੍ਰੇਲੀਆ ਦੀ ਕੁਦਰਤ, ਕਾਇਨਾਤ ਤੇ ਪਰਿੰਦਿਆਂ ਨਾਲ ਇਕਸੁਰ ਹੋ ਗਿਆ ਹਾਂ ਤੇ ਇਕਸੁਰ ਹੋ ਜਾਣ ਦੇ ਅਹਿਸਾਸ ਵਾਲੇ ਉਹ ਪਲ ਮੈਨੂੰ ਕਦੇ ਨਾ ਭੁੱਲੇ।

ਇਕ ਦਿਨ, ਇਕ ਵੱਡੇ ਜੰਗਲ ਦੇ ਵਿਚਕਾਰ ਤੇ ਧਰਤੀ ਤੋਂ 633 ਮੀਟਰ ਦੀ ਉਚਾਈ 'ਤੇ ਪਸਰੀ ਹੋਈ ਮੈਲਬੋਰਨ ਦੀ ਸਕਾਈ-ਹਾਈ ਪਹਾੜੀ ਦਾ ਚੱਪਾ-ਚਾਪ ਗਾਹ ਕੇ ਜਦ ਵਾਪਸ ਆ ਰਿਹਾ ਸਾਂ ਤਾਂ ਮਨ ਬੜਾ ਹੌਲੇ ਫੁੱਲ ਜਿਹਾ ਸੀ। ਕਈ ਦਿਨਾਂ ਦਾ ਲੰਬਾ ਸਫ਼ਰੀ

**ਔਖੇ ਸ਼ਬਦਾਂ ਦੇ ਅਰਥ**

ਪਹੀਏ : ਚੱਕਰ (ਟਾਇਰ)
ਵਾਹਵਾ : ਕਾਫ਼ੀ, ਬਹੁਤ ਜ਼ਿਆਦਾ
ਅਤਿਕਥਨੀ : ਵਧਾ ਚੜ੍ਹਾ ਕੇ ਕਹੀ ਗੱਲ
ਸਦੀਵੀ : ਹਮੇਸ਼ਾ ਲਈ, ਸਦਾ ਲਈ
ਕਾਇਨਾਤ : ਸ੍ਰਿਸ਼ਟੀ, ਸੰਸਾਰ, ਕੁਦਰਤ
ਪਰਿੰਦਿਆਂ : ਪੰਛੀਆਂ, ਪੰਖੇਰੂਆਂ
ਇਕਸੁਰ : ਲੀਨ, ਰਚ ਮਿਚ ਜਾਣਾ
ਪਸਰੀ ਹੋਈ : ਫੈਲੀ ਹੋਈ
ਗਾਹ ਕੇ : ਘੁੰਮ ਕੇ,
ਹੌਲੇ ਫੁੱਲ : ਹਲਕੇ ਫੁਲਕੇ
ਸਫ਼ਰੀ : ਸਫ਼ਰ ਵਾਲਾ

### ਔਖੇ ਸ਼ਬਦਾਂ ਦੇ ਅਰਥ

ਚੜ੍ਹਦੇ-ਲੱਥਦੇ: ਉਡਾਣ ਭਰਦੇ ਤੇ ਉਤਰਦੇ
ਇਵੇਂ : ਇਸ ਤਰ੍ਹਾਂ
ਖੋਦੀਆਂ : ਖੁਰਚੀਆਂ
ਜਮਘਟੇ : ਇਕੱਠ, ਝੁੰਡ
ਰੈਣ ਬਸੇਰਾ : ਰਾਤ ਨੂੰ ਸੌਣ ਵਾਲੀ ਥਾਂ



ਥਕੇਵਾਂ ਕਿਧਰੇ ਉੱਡ-ਪੁੱਡ ਗਿਆ ਸੀ। ਇਸ ਪਹਾੜੀ ਉਤੋਂ ਖੜ੍ਹ ਕੇ ਦੇਖਿਆ ਤਾਂ ਸਾਰਾ ਮੈਲਬੋਰਨ ਛੋਟਾ ਜਿਹਾ ਦਿਸ ਰਿਹਾ ਸੀ। ਇਹ ਸਕਾਈ-ਹਾਈ ਮੈਲਬੋਰਨ ਤੋਂ ਬਾਹਰ ਨਿਕਲ ਕੇ 36 ਕਿਲੋਮੀਟਰ ਦੀ ਦੂਰੀ ’ਤੇ ਪੈਂਦੀ ਹੈ। ਦੂਰੋਂ ਦਿਸਦੇ ਏਅਰਪੋਰਟ ਤੋਂ ਚੜ੍ਹਦੇ-ਲੱਥਦੇ ਜਹਾਜ਼ ਚਿੜੀਆਂ ਦੇ ਆਕਾਰ ਦੇ ਲੱਗਦੇ ਸਨ, ਇਵੇਂ, ਜਿਵੇਂ ਫਰ-ਫਰ ਕਰਦੀ ਇਕ ਚਿੜੀ ਉੱਡੀ ਤੇ ਦੂਜੀ ਬਹਿ ਗਈ। ਜਦ ਅਸੀਂ ਇਸ ਪਹਾੜੀ ਵੱਲ ਨੂੰ ਜਾ ਰਹੇ ਸੀ ਤਾਂ ਰਾਹ ਵਿੱਚ ਭੀੜੀਆਂ, ਵਿੰਗ-ਵਲੇਵੇ ਖਾਂਦੀਆਂ, ਉਚਾਣਾਂ ਨੂੰ ਚੜ੍ਹਦੀਆਂ ਜਾਂਦੀਆਂ ਪਥਰੀਲੇ ਪਹਾੜਾਂਨੂੰ ਚੀਰ ਕੇ ਖੋਦੀਆਂ ਸੜਕਾਂ ਆਈਆਂ। ਥਾਂ-ਥਾਂ ਬੋਰਡ ਲੱਗੇ ਹੋਏ ਸਨ, ਜਿਨ੍ਹਾਂ ’ਤੇ ਲਿਖਕੇ ਲਾਇਆ ਹੋਇਆ ਸੀ ਕਿ ਕੰਗਾਰੂ ਤੋਂ ਬਚੋ। ਪਤਾ ਨਹੀਂ ਕਦੋਂ (ਆਸਟ੍ਰੇਲੀਆ ਦਾ ਇਹ ਕੌਮੀ ਜਾਨਵਰ) ਕੰਗਾਰੂ ਕਿੱਧਰੋਂ ਛਾਲਾਂ ਮਾਰਦਾ ਕਾਰ ਅੱਗੇ ਆ ਜਾਵੇ, ਕੰਗਾਰੂ ਦਾ ਜਾਣਾ ਕੱਖ ਨਹੀਂ, ਉਹ ਤਾਂ ਛਾਲਾਂ ਮਾਰਦਾ ਅਗਾਂਹ ਲੰਘ ਜਾਏਗਾ ਤੇ ਕਾਰ ਦਾ ਰਹਿਣਾ ਕੱਖ ਨਹੀਂ। ਇਸ ਲਈ ਲੋਕ ਜੰਗਲਾਂ ਵੱਲ ਨੂੰ ਜਾਣ ਸਮੇਂ ਬੜੇ ਧਿਆਨ ਨਾਲ ਚਲਦੇ ਹਨ।

ਪਹਾੜਾਂ ’ਤੇ ਨਿੱਕੇ-ਨਿੱਕੇ ਬੰਦ ਡੱਬਿਆਂ ਵਰਗੇ ਲੱਕੜੀ ਦੇ ਘਰ ਸਨ। ਦਰੱਖਤਾਂ ਦੇ ਜਮਘਟੇ ਵਿੱਚ ਚਿੱਟਾ ਜਿਹਾ ਇਕ ਫੱਟਾ ਦਿਸਿਆ। ਜਦ ਮੈਂ ਧਿਆਨ ਨਾਲ ਦੇਖਿਆ ਤਾਂ ਇਹ ਬਹੁਤ ਛੋਟਾ ਜਿਹਾ ਇਕ ਘਰ ਸੀ, ਇਕ ਜਾਂ ਦੋ ਜੀਆਂ ਦੇ ਰਹਿਣ ਲਈ। ਇੱਥੋਂ ਪਤਾ ਚਲਦਾ ਹੈ ਕਿ ਗੋਰੇ ਲੋਕ ਸ਼ਾਂਤੀ, ਕੁਦਰਤ ਤੇ ਇਕੱਲਤਾ ਨੂੰ ਕਿੰਨਾ ਚਾਹੁੰਦੇ ਹਨ। ਇਹ ਨਿੱਕਾ ਜਿਹਾ ਘਰ ਬਹੁਤ ਸਾਰੇ ਬੌਣੇ ਤੇ ਲੰਬੇ ਰੁੱਖਾਂ ਵਿੱਚ ਘਿਰਿਆ ਹੋਇਆ ਸੀ। ਇਵੇਂ ਲਗਦਾ ਸੀ, ਜਿਵੇਂ ਕਿਸੇ ਨੇ ਰੁੱਖਾਂ ਦੇ ਇਸ ਜਮਘਟੇ ਵਿੱਚ ਫੱਟੇ ਜਿਹੇ ਟੰਗ ਕੇ ਆਪਣਾ ਰੈਣ-ਬਸੇਰਾ ਕਰ ਲਿਆ ਹੋਵੇ।

ਏਸ ਪਹਾੜੀ ’ਤੇ ਇਕ ਬਹੁਤ ਲੰਬੇ ਤੇ ਚੌੜੇ ਰੁੱਖ ਤੋਂ ਕਿਸੇ ਮਹਾਨ ਕਲਾਕਾਰ ਨੇ ਅਜਿਹੀ ਕਲਾਕ੍ਰਿਤ ਪੇਸ਼ ਕੀਤੀ ਹੋਈ ਸੀ ਕਿ ਬੰਦਾ ਦੇਖਦਾ ਦੰਗ ਹੀ ਰਹਿ ਜਾਂਦਾ ਸੀ। ਇੱਕੋ ਦਰੱਖਤ ’ਤੇ ਹੀ ਦਾੜ੍ਹੀ ਵਾਲਾ ਇਕ ਬਾਬਾ ਦਰਸ਼ਨ ਦੇ ਰਿਹਾ ਸੀ ਤੇ ਨਾਲ ਹੀ ਲੰਬੀ ਪੂਛ ਵਾਲੀ ਛਿਪਕਲੀ ਸੀ। ਕੰਗਾਰੂ ਵੀ ਤੇ ਕੁਝ ਹੋਰ ਪੰਛੀ ਵੀ ਖ਼ੂਬ ਚਿਤਰੇ ਹੋਏ ਸਨ। ਮੈਂ ਕਿੰਨਾਂ

ਚਿਰ ਦਰੱਖਤ ਦੇ ਆਸ-ਪਾਸ ਫਿਰਦਾ, ਇਹਨਾਂ ਸਭਨਾਂ ਨੂੰ ਉਸ ਸੁੱਕੇ ਦਰੱਖਤ ਵਿਚੋਂ ਨਿਹਾਰਦਾ ਹੋਇਆ ਉਸ ਆਸਟ੍ਰੇਲੀਅਨ ਕਲਾਕਾਰ ਦੀ ਕਲਾ ਤੋਂ ਮਨੋ-ਮਨ ਬਲਿਹਾਰੀ ਜਾਈ ਗਿਆ। ਜਦ ਦਰੱਖਤ ਤੋਂ ਜ਼ਰਾ ਕੁ ਪਰ੍ਹੇ ਹੋ ਗਿਆ ਤਾਂ ਘਾਹ ਦੇ ਲਾਅਨ ਵਿੱਚ ਪੱਥਰ ਤੋਂ ਘੜੀ ਹੋਈ ਇਕ ਔਰਤ ਖਲੋਤੀ ਸੀ, ਜੋ ਆਪਣੇ ਬਸਤਰ ਆਪਣੇ ਸਰੀਰ ਤੋਂ ਜੁਦਾ ਕਰ ਰਹੀ ਸੀ, ਇਹ ਵੀ ਕਿਸੇ ਕਲਾਕਾਰ ਦੀ ਕਲਾ ਦਾ ਅਤਿ ਸੁੰਦਰ ਨਮੂਨਾ ਸੀ।



ਪਹਾੜੀ ’ਤੇ ਬਣੇ ਛੋਟੇ ਪਰ ਬਹੁਤ ਖ਼ੂਬਸੂਰਤ ਰੈਸਟੋਰੈਂਟ ਵਿੱਚ ਗੋਰਿਆਂ ਦੀ ਕਾਫ਼ੀ ਭੀੜ ਸੀ। ਕੋਈ-ਕੋਈ ਜਣਾ ਨਿੱਕੇ-ਨਿੱਕੇ ਪਾਰਕਾਂ ਵਿਚ ਕੁਰਸੀਆਂ ਡਾਹੀ ਬੈਠਾ, ਬੀਅਰ ਦੀਆਂ ਚੁਸਕੀਆਂ ਨਾਲ ਧੁੱਪ ਦਾ ਨਿੱਘ ਮਾਣ ਰਿਹਾ ਸੀ। ਆਸਟ੍ਰੇਲੀਆ ਦੇ ਪਾਰਕਾਂ ਵਿਚ ਚੁੱਲ੍ਹੇ ਫਿੱਟ ਕਰਨ ਵਾਲੀ ਸਕੀਮ ਮੈਨੂੰ ਬੜੀ ਚੰਗੀ ਲੱਗੀ, ਲੋਕ ਘਰਾਂ ਤੋਂ ਕੱਚਾ ਮਾਸ ਤੇ ਹੋਰ ਨਿੱਕ-ਸੁੱਕ ਲਈ ਆਉਂਦੇ ਹਨ, ਚੁੱਲ੍ਹਾ ਬਾਲ ਕੇ ਭੁੰਨੀਂ ਤੇ ਛਕੀ ਜਾਂਦੇ ਹਨ। ਇਕ ਡਾਲਰ ਚੁੱਲ੍ਹੇ ਵਿੱਚ ਕਿਰਾਇਆ ਪਾਓ ਤੇ ਕੰਮ ਚਲਾਓ, ਜਦ ਕਿਰਾਇਆ ਮੁੱਕ ਗਿਆ ਤਾਂ ਇਕ ਡਾਲਰ ਹੋਰ ਪਾ ਕੇ ਬਾਲ ਲਓ। ਬੜੀ ਮੌਜ ਹੈ ... ਅਜਿਹੇ ਚੁੱਲ੍ਹਿਆਂ ਦੇ ਆਸ-ਪਾਸ ਪੱਕੇ ਫਿੱਟ ਕੀਤੇ ਬੈਂਚਾਂ ਦੀ। ਹਫ਼ਤੇ ਦੇ ਅੰਤ ਉੱਤੇ ਘੰਟਿਆਂ ਬੱਧੀ ਬੈਠ ਕੇ ਲੋਕ ਉੱਥੇ ਪਾਰਟੀਆਂ ਕਰਦੇ ਹਨ। ਅਜਿਹੇ ਸੁਨੱਖੇ ਪ੍ਰਬੰਧ ਆਸਟ੍ਰੇਲੀਆ ਦੇ ਲੋਕਾਂ ਦੇ ਇਮਾਨਦਾਰ ਹੋਣ ਕਾਰਨ ਚੱਲੀ ਜਾਂਦੇ ਹਨ, ਜਨਤਕ ਥਾਵਾਂ ’ਤੇ ਸਥਾਪਤ ਕੀਤੀ ਗਈ ਕਿਸੇ ਚੀਜ਼ ਨੂੰ ਕੋਈ ਨਹੀਂ ਛੇੜਦਾ। ਸਾਡੇ ਲੋਕ ਤਾਂ ਜਨਤਕ ਥਾਵਾਂ ਉੱਤੇ ਲੱਗਿਆ ਨਲਕਾ ਵੀ ਨਹੀਂ ਛੱਡਦੇ, ਨਾ ਟੂਟੀ, ਨਾ ਟਿਊਬ-ਲਾਈਟਾਂ ਤੇ ਨਾ ਬਲੱਬ, ਨਾ ਕੁਰਸੀ ਤੇ ਨਾ ਬੈਂਚ। ਰਾਹੇ ਜਾਂਦਿਆਂ ਜੋ ਪਿਆ ਦੇਖਿਆ, ਉਹੋ ਕੱਛੇ ਮਾਰ ਲਿਆ ਪਰ ਆਸਟ੍ਰੇਲੀਅਨ ਇੰਝ ਨਹੀਂ ਕਰਦੇ। ਤਦੇ ਈ ਉਹ ਮੌਜਾਂ ਕਰਦੇ ਹਨ।

ਜੰਗਲ ਦੀ ਹਰਿਆਵਲ ਨੂੰ ਮਾਣਦਿਆਂ ਮੇਰਾ ਅਕਾਸ਼ ਵੱਲ ਵੇਖਣ ਨੂੰ ਦਿਲ ਕੀਤਾ, ਤਾਂ ਅੰਬਰ ਦੀ ਫਿੱਕੀ ਨੀਲੱਤਣ ਨੇ ਮਨ ਤਰੰਗਤ ਕਰ ਦਿੱਤਾ। ਹਰੇ-ਭਰੇ ਰੁੱਖਾਂ ਵਿੱਚ ਖਲੋਤੇ ਇਕ ਰੁੰਡ-ਮੁੰਡ ਰੁੱਖ ਨੇ ਮੈਨੂੰ ਸੋਚਣ ਲਾ ਦਿੱਤਾ। ਇਹ ਸੁੱਕਾ ਤੇ ਝੰਬਿਆ ਰੁੱਖ ਹਰੇਕ ਯਾਤਰੀ ਦਾ ਧਿਆਨ ਆਪਣੀ ਤਰਫ਼ ਖਿੱਚਦਾ ਸੀ। ਜਦ ਮੈਂ ਉਸ ਨੂੰ ਕੁਝ ਪਲ ਦੇਖਦਾ ਰਿਹਾ ਤਾਂ ਉਹ ਰੁੱਖ ਮੈਨੂੰ ਇਕ ਅਜਿਹਾ ਮਨੁੱਖ ਜਾਪਿਆ, ਜਿਸ ਦੀਆਂ ਬਾਹਾਂ ਬੜੀ ਹੀ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਬਲਿਹਾਰੀ | :ਕੁਰਬਾਨ, ਸਦਕੇ , ਨਿਛਾਵਰ |
| ਛਕੀ ਜਾਂਦੇ | :ਖਾਈ ਜਾਂਦੇ |
| ਸੁਨੱਖੇ | :ਸੁੰਦਰ, ਦਿਲਕਸ਼, ਜਵਾਨ |
| ਕੱਛੇ ਮਾਰ ਲਿਆ | :ਚੁੱਕ ਲਿਆ |
| ਅੰਬਰ | :ਅਸਮਾਨ, ਆਕਾਸ਼ |
| ਫਿੱਕੀ ਨੀਲਤਣ | :ਫਿੱਕਾ ਨੀਲਾ ਰੰਗ |
| ਤਰੰਗਤ | :ਆਨੰਦਤ |
| ਰੁੰਡ-ਮੁੰਡ | :ਪੱਤਿਆਂ ਤੋਂ ਰਹਿਤ |
| ਝੰਬਿਆ | :ਤੋੜਿਆ-ਮਰੋੜਿਆ |

**ਔਖੇ ਸ਼ਬਦਾਂ ਦੇ ਅਰਥ**

ਵੱਢ ਕੇ :ਕੱਟ ਕੇ
ਕਰੀਨੇ ਨਾਲ :ਸਲੀਕੇ ਨਾਲ
ਘਰੜ ਕੇ :ਜੜ੍ਹ ਦੇ ਕੋਲੋਂ
ਟਾਵਾਂ-ਟਾਵਾਂ :ਕੋਈ-ਕੋਈ

ਬੇਦਰਦੀ ਨਾਲ ਕੋਈ ਕੱਟ ਕੇ ਲੈ ਗਿਆ ਹੋਵੇ। ਉਹ ਰੁੱਖ ਅਣਗਿਣਤ ਸਾਲਾਂ ਤੋਂ ਉੱਥੇ ਖਲੋਤਾ ਆਣ-ਜਾਣ ਵਾਲਿਆਂ ਨੂੰ ਜਿਵੇਂ ਸਵਾਲ ਕਰ ਰਿਹਾ ਹੋਵੇ ਕਿ ਮੇਰੀਆਂ ਬਾਹਾਂ ਵੱਢ ਕੇ ਕੋਈ ਕਿਉਂ ਲੈ ਗਿਆ ? ਕੀ ਕਸੂਰ ਕੀਤਾ ਸੀ ਮੈਂ ? ਉਹ ਰੁੱਖ ਆਪਣੇ ਆਲੇ-ਦੁਆਲੇ ਹਰੇ-ਭਰੇ ਖਲੋਤੇ ਸਾਬਤ ਸਰੀਰਾਂ ਵਾਲੇ ਆਪਣੇ ਸਾਥੀ ਰੁੱਖਾਂ ਤੋਂ ਬਹੁਤ ਵੱਖਰਾ ਤੇ ਬਹੁਤ ਉਦਾਸ ਸੀ। ਮੇਰੇ ਨਾਲ ਗਏ ਸਾਥੀ ਨੇ ਦੱਸਿਆ ਕਿ ਇਹ ਸਾਰੀ ਪੇਸ਼ਕਾਰੀ ਗੋਰਿਆਂ ਨੇ ਯਾਤਰੂਆਂ ਨੂੰ ਪ੍ਰਭਾਵਿਤ ਕਰਨ ਤੇ ਉਹਨਾਂ ਦਾ ਧਿਆਨ ਇਸ ਰੁੱਖ 'ਤੇ ਕੇਂਦਰਿਤ ਕਰਨ ਲਈ ਕੀਤੀ ਹੋਈ ਹੈ।

ਟਹਿਲਦਾ-ਟਹਿਲਦਾ ਮੈਂ ਇਕ ਘਾਹ ਦੇ ਮੈਦਾਨ ਵੱਲ ਚਲਾ ਗਿਆ। ਘਾਹ ਦਾ ਮੈਦਾਨ ਏਨਾ ਸਾਫ਼ ਸੀ ਤੇ ਹਰਾ-ਕਚੂਰ ਘਾਹ ਕਰੀਨੇ ਨਾਲ ਘਰੜ ਕੇ ਕੱਟਿਆ ਹੋਇਆ ਸੀ, ਇਵੇਂ ਲੱਗਦਾ ਸੀ ਜਿਵੇਂ ਇਹ ਘਾਹ ਦਾ ਮੈਦਾਨ ਨਹੀਂ, ਸਗੋਂ ਦੂਰ-ਦੂਰ ਤੀਕ ਕੋਈ ਹਰੇ ਰੰਗ ਦੀ ਨਵੀਂ-ਨਵੀਂ ਬੁਣੀ ਦਰੀ ਵਿਛਾ ਗਿਆ ਹੋਵੇ। ਅਜਿਹੀ ਦਰੀ, ਜਿਸ 'ਤੇ ਕੋਈ ਵੱਟ-ਵਲੇਵਾਂ ਨਹੀਂ ਸੀ ਦਿਸਦਾ। ਕੋਸੀ-ਕੋਸੀ ਧੁੱਪ ਨੇ ਮੈਨੂੰ ਘਾਹ ਦੀ ਉਸ ਇਕਸਾਰ ਵਿਛੀ ਦਰੀ 'ਤੇ ਕੁਝ ਪਲ ਲੇਟਣ ਲਈ ਮਜਬੂਰ ਕਰ ਦਿੱਤਾ ਸੀ। ਨਾ ਹਵਾ ਵਗਦੀ ਸੀ ਤੇ ਨਾ ਕੋਈ ਸ਼ੋਰ ਸੁਣੀਂਦਾ ਸੀ। ਕੋਈ-ਕੋਈ ਟਾਵਾਂ-ਟਾਵਾਂ ਯਾਤਰੀ ਕਿਸੇ ਨਾਲ ਕੋਈ ਗੱਲ ਵੀ ਕਰਦਾ ਸੀ, ਤਾਂ ਉਹ ਸਿਰਫ਼ ਆਪਣੇ ਤੀਕ ਸੁਣਨ-ਸੁਣਾਉਣ ਜੋਗੀ ਆਵਾਜ਼ ਵਿੱਚ ਹੀ ਕਰਦਾ ਸੀ। ਮੈਂ ਕੁਝ ਪਲਾਂ ਦੀ ਸੋਚ ਕੇ ਹੀ ਲੇਟਿਆ ਸੀ ਪਰ ਜਦ ਮੈਂ ਜਾਗਿਆ ਸੀ ਤਾਂ ਦੋ ਘੰਟੇ ਤੋਂ ਵੀ ਵਧੇਰੇ ਦਾ ਸਮਾਂ ਹੋ ਚੱਲਿਆ ਸੀ, ਜਦ ਤੀਕ ਉਸ ਜੰਗਲ ਦੇ ਪੰਛੀ ਵੀ ਗਾਉਣ ਲੱਗ ਪਏ ਸਨ। ਵੰਨ-ਸੁਵੰਨੜੇ ਪੰਛੀਆਂ ਦੀਆਂ ਸੁਰ-ਭਿੱਜੀਆਂ ਆਵਾਜ਼ਾਂ ਮੰਤਰ-ਮੁਗਧ ਕਰ ਦੇਣ ਵਾਲੀਆਂ ਸਨ, ਉਹ ਪੰਛੀ ਗਾਉਂਦੇ ਇਉਂ ਲੱਗੇ, ਜਿਵੇਂ ਰਲ-ਮਿਲ ਕੇ ਸਮੂਹ-ਗਾਨ ਕਰ ਰਹੇ ਹੋਣ। ਜਦ ਘਰ ਵੱਲ ਤੁਰੇ ਤਾਂ ਦੂਰ ਤੀਕ ਪਸਰੇ ਪਹਾੜਾਂ ਪਿੱਛੇ ਲਹਿੰਦਾ ਸੂਰਜ ਵੀ ਆਪਣੇ ਘਰ ਪਰਤ ਰਿਹਾ ਸੀ।

## ਟਿੱਪਣੀ

ਉਪਰੋਕਤ ਪਾਠ ਵਿਚ ਨਿੰਦਰ ਘੁਗਿਆਣਵੀ ਨੇ ਆਸਟਰੇਲੀਆ ਵਿਚ ਸਫ਼ਰ ਦੌਰਾਨ ਬਿਤਾਏ ਸਮੇਂ ਦੇ ਅਨੁਭਵ ਨੂੰ ਪੇਸ਼ ਕੀਤਾ ਹੈ। ਉਥੋਂ ਦੀ ਪ੍ਰਕਿਰਤੀ, ਕਲਾਕ੍ਰਿਤੀ, ਲੋਕਾਂ ਦੀ ਈਮਾਨਦਾਰੀ, ਜਨਤਕ ਥਾਵਾਂ ਦੇ ਆਕਰਸ਼ਨ ਆਦਿ ਨੂੰ ਸੰਜੀਦਗੀ ਨਾਲ ਪੇਸ਼ ਕੀਤਾ ਹੈ। ਆਪਣੀ ਯਾਦਾਂ ਨੂੰ ਸਾਂਝਾ ਕਰਦਾ ਹੋਇਆ ਲੇਖਕ ਤੁਲਨਾਤਮਕ ਜੁਗਤ ਰਾਹੀਂ ਆਸਟ੍ਰੇਲੀਆ ਦੀ ਰਹਿਣ-ਸਹਿਣ ਦੀ ਭਾਰਤ ਨਾਲ ਤੁਲਨਾ ਵੀ ਕਰਦਾ ਹੈ। ਨਾਲ ਹੀ ਪਾਠਕ ਨੂੰ ਰੌਚਕ ਢੰਗ ਨਾਲ ਆਪਣੇ ਸਫ਼ਰ ਦਾ ਆਨੰਦ ਵੀ ਪ੍ਰਦਾਨ ਕਰਦਾ ਹੈ।

**ਨਿੰਦਰ ਘੁਗਿਆਣਵੀ**

## ਅਭਿਆਸ

**1. ਦੱਸੋ ਖਾਂ ਭਲਾ :**

(i) ਲੇਖਕ ਸਿਡਨੀ ਕਿਵੇਂ ਪਹੁੰਚਿਆ ?

(ii) 'ਚੁੱਲ੍ਹੇ' ਕਿਥੇ ਫਿੱਟ ਕੀਤੇ ਹੋਏ ਸਨ ?

(iii) ਘਾਹ ਦੇ ਮੈਦਾਨ ਵਿਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤਾ ਕੀਤਾ ?

(iv) ਆਸਟ੍ਰੇਲੀਆ ਦੇ ਕੌਮੀ ਜਾਨਵਰ ਦਾ ਨਾਂ ਦੱਸੋ ?

(v) ਲੇਖਕ ਦੀ ਕਿਹੜੇ ਪ੍ਰੋਗਰਾਮ ਲਈ ਰਿਕਾਰਡਿੰਗ ਹੋਣੀ ਸੀ ?

(vi) ਨਿੰਦਰ ਘੁਗਿਆਣਵੀ ਨੇ ਕਿਹੜੀ ਪਹਾੜੀ ਦੀ ਸੈਰ ਕੀਤੀ ?

(vii) ਆਸਟ੍ਰੇਲੀਆ ਵਿਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ ?

(viii) 'ਰੁੰਡ-ਮੁੰਡ ਰੁੱਖ' ਨੂੰ ਵੇਖ ਕੇ ਲੇਖਕ ਦੇ ਮਨ ਵਿਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੋਏ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਜੇਕਰ ਤੁਸੀਂ ਕਿਸੇ ਥਾਂ ਦੀ ਯਾਤਰਾ ਕੀਤੀ ਹੈ ਤਾਂ ਉਸ ਦਾ ਆਪਣੇ ਸ਼ਬਦਾਂ ਵਿਚ ਹਾਲ ਬਿਆਨ ਕਰੋ ?

(ii) ਆਪਣੇ ਦੇਸ਼ ਵਿਚ ਤੁਹਾਨੂੰ ਕਿਹੜੀਆਂ ਬੁਰਾਈਆਂ ਪ੍ਰੇਸ਼ਾਨ ਕਰਦੀਆਂ ਹਨ ? ਉਨ੍ਹਾਂ ਦੇ ਹੱਲ ਲਈ ਵਿਸਥਾਰ ਵਿਚ ਸੁਝਾਅ ਦਿਉ।

(iii) ਪ੍ਰਕਿਰਤੀ ਦੀ ਸਾਂਭ-ਸੰਭਾਲ ਨੂੰ ਦਰਸਾਉਂਦਾ ਇਕ ਚਾਰਟ ਤਿਆਰ ਕਰਕੇ ਆਪਣੀ ਜਮਾਤ ਦੇ ਸਾਥੀਆਂ ਨਾਲ ਉਸ ਉਪਰ ਵਿਚਾਰ ਕਰੋ।

**ਅ. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :**

ਖੂਬਸੂਰਤ, ਅੰਤ, ਉਦਾਸ, ਵਧੇਰੇ, ਲਹਿੰਦਾ, ਦੂਰ, ਧੁੱਪ, ਔਰਤ, ਛੋਟਾ, ਜਾਣਾ

**ੲ. ਹੇਠ ਲਿਖੀਆਂ ਖਾਲੀ ਥਾਵਾਂ ਭਰੋ :**

(i) ਲੇਖਕ ਨੇ ਸਿਡਨੀ ... ਦਿਨ ਰੁਕਣਾ ਸੀ।

(ii) ਪਹਾੜਾਂ ਉਪਰ ਨਿੱਕੇ-ਨਿੱਕੇ ... ਵਰਗੇ ਲਕੜੀ ਦੇ ਘਰ ਸਨ।

(iii) ਦਰਖਤ ਉੱਤੇ ਇਕ ... ਵਾਲਾ ਬਾਬਾ ਨਜ਼ਰ ਆ ਰਿਹਾ ਸੀ।

(iv) ਸੜਕਾਂ ਉੱਪਰ ... ਤੋਂ ਬਚ ਕੇ ਰਹਿਣ ਦੇ ਬੋਰਡ ਲੱਗੇ ਹੋਏ ਸਨ।

(v) ਪਹਾੜ ਉਪਰ ਇਕ ... ਨੂੰ ਵੇਖ ਕੇ ਲੇਖਕ ਬਲਿਹਾਰੇ ਜਾ ਰਿਹਾ ਸੀ।

**ਸ. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਲੇਖਕ ਟਹਿਕਦਾ-ਟਹਿਕਦਾ ਘਾਹ ਦੇ ਮੈਦਾਨ ਵੱਲ ਚਲਾ ਗਿਆ।

(ii) ਇਕ ਨਿੱਕਾ ਜਿਹਾ ਘਰ ਬਹੁਤ ਸਾਰੇ ਬੌਣੇ ਤੇ ਲੰਮੇ ਰੁੱਖਾਂ ਵਿਚ ਘਿਰਿਆ ਹੋਇਆ ਸੀ।

(iii) ਆਸਟ੍ਰੇਲੀਆ ਦੇ ਪਾਰਕਾਂ ਵਿਚ ਚੁਲ੍ਹੇ ਫਿਟ ਕਰਨ ਦੀ ਸਕੀਮ ਹੈ।

(iv) ਲੇਖਕ ਨੂੰ ਜੰਗਲ ਵਿਚ ਪੰਛੀ ਦੇ ਗੌਣ ਦੀ ਆਵਾਜ਼ ਸੁਣਾਈ ਦਿੱਤੀ।

(v) ਕੰਗਾਰੂ ਕਿਦਰੋਂ ਸ਼ਾਲਾਂ ਮਾਰਦਾ ਕਾਰ ਅਗੇ ਆ ਜਾਂਦਾ ਸੀ।